# ਯਾਤਰੀਆਂ ਦੀ ਸੁਰੱਖਿਆ

ਪਾਰਕਸ ਕੈਨੇਡਾ (Parks Canada) ਦੀ ਜ਼ਿੰਮੇਵਾਰੀ ਹੈ ਕਿ ਉਹ ਅਜਿਹਾ ਸਾਰਵਜਨਿਕ ਸੁਰੱਖਿਆ ਪ੍ਰੋਗਰਾਮ ਮੁਹੱਈਆ ਕਰੇ ਜੋ ਹਰੇਕ ਵਿਰਾਸਤੀ ਇਲਾਕੇ ਦੇ ਅੰਦਰ ਹੋਣ ਵਾਲੀਆਂ ਖਾਸ ਵਾਰਦਾਤਾਂ ਅਤੇ ਮੁੱਦਿਆਂ ਨਾਲ ਨਜਿੱਠੇ। ਹਾਲਾਂਕਿ ਸਾਰਵਜਨਿਕ ਸੁਰੱਖਿਆ ਪ੍ਰੋਗਰਾਮ ਦਾ ਰਾਸ਼ਟਰੀ ਤਾਲਮੇਲ ਵੀ ਹੈ, ਫਿਰ ਵੀ ਸੇਵਾ ਦਾ ਪੱਧਰ ਅਤੇ ਵਾਰਦਾਤਾਂ ਨਾਲ ਨਜਿੱਠਣ ਲਈ ਇੱਕ ਵਿਰਾਸਤੀ ਇਲਾਕੇ ਦੇ ਤਰੀਕੇ ਦੂਜੇ ਤੋਂ ਵੱਖ ਹੁੰਦੇ ਹਨ।

ਪਾਰਕ ਸਬੰਧੀ ਸੰਕਟਕਾਲੀ ਸਥਿਤੀਆਂ ਲਈ 911 ਡਾਇਲ ਕਰੋ ਜਾਂ ਪਾਰਕਸ ਕੈਨੇਡਾ ਡਿਸਪੈਚ ਨੂੰ 519-596-2702 ਤੇ ਸੰਪਰਕ ਕਰੋ।



ਸਭ ਤੋਂ ਪਹਿਲਾਂ ਜਵਾਬ ਦੇਣ ਵਾਲਿਆਂ ਦੀ ਸਾਡੀ ਟੀਮ ਤੁਹਾਡੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ

©ਪਾਰਕਸ ਕੈਨੇਡਾ

ਬਰੂਸ ਪੇਨਿਨਸੁਲਾ ਨੈਸ਼ਨਲ ਪਾਰਕ ਵਿੱਚ ਘੁੰਮਦੇ ਸਮੇਂ, ਤੁਸੀਂ ਆਪਣੀ ਸੁਰੱਖਿਆ ਲਈ ਜ਼ਿੰਮੇਵਾਰ ਹੋ। ਪਹਿਲਾਂ ਤੋਂ ਅਨੁਮਾਨ ਨਾ ਲਗਾਏ ਜਾਣ ਵਾਲੇ ਮੌਸਮ, ਜੰਗਲੀ ਜਾਨਵਰਾਂ, ਅਤੇ ਊਬੜ-ਖਾਬੜ ਜਮੀਨ ਦੇ ਨਾਲ ਜੰਗਲੀ ਖੇਤਰ ਖਤਰਨਾਕ ਹੋ ਸਕਦੇ ਹਨ।

## ਜਿਓਰਜਿਅਨ ਬੇਅ (Georgian Bay) ਵਿੱਚ ਤੈਰਾਕੀ

ਜਿਓਰਜਿਅਨ ਬੇਅ ਦੇ ਸਾਫ ਡੂੰਘੇ ਪਾਣੀ ਵਿੱਚ ਤੈਰਾਕੀ ਕਰਨਾ ਕਦੇ ਨਾ ਭੁੱਲਣ ਵਾਲੇ ਅਨੁਭਵ ਹੈ, ਹਾਲਾਂਕਿ ਇਹ ਡੂੰਘਾ, ਠੰਡਾ ਅਤੇ ਤੂਫਾਨੀ ਹੈ, ਖਾਸ ਤੌਰ ਤੇ ਜਿਓਰਜਿਅਨ ਬੇਅ ਦੇ ਪਥਰੀਲੇ ਸਮੁੰਦਰੀ ਕਿਨਾਰੇ। ਪਾਣੀ ਦੀਆਂ ਸਥਿਤੀਆਂ, ਤਾਪਮਾਨਾਂ ਅਤੇ ਤੁਹਾਡੀ ਆਪਣੀ ਤੈਰਾਕੀ ਮਹਾਰਤਾਂ ਬਾਰੇ ਸਚੇਤ ਰਹੋ। ਕਲਿੱਫ ਡਾਈਵਿੰਗ ਖਤਰਨਾਕ ਹੈ ਅਤੇ ਪਾਰਕ ਵਿੱਚ ਇਸਦੀ ਮਨਾਹੀ ਹੈ।

## ਜੰਗਲੀ-ਜੀਵਨ ਦੀਆਂ ਚੁਣੌਤੀਆਂ

ਜੰਗਲੀ-ਜੀਵਨ ਦੇਖਣਾ ਯਾਤਰੀਆਂ ਲਈ ਇੱਕ ਰੋਮਾਂਚਕ ਅਨੁਭਵ ਹੈ, ਪਰ ਇਹ ਯਾਦ ਰੱਖਣਾ ਵੀ ਮਹੱਤਵਪੂਰਨ ਹੈ ਕਿ ਇਹ ਜਾਨਵਰ ਜੰਗਲੀ ਹਨ। ਜੰਗਲੀ-ਜੀਵਨ ਦੀਆਂ ਚੁਣੌਤੀਆਂ ਯਾਤਰੀ ਅਤੇ ਜਾਨਵਰ ਦੋਹਾਂ ਲਈ ਖਤਰਨਾਕ ਹੋ ਸਕਦੀਆਂ ਹਨ। ਕੁਝ ਸੌਖੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਕੇ, ਤੁਸੀਂ ਸਾਡੇ ਪਾਰਕ ਵਿੱਚ ਖੁਦ ਦੀ ਅਤੇ ਜਾਨਵਰਾਂ ਦੀ ਰੱਖਿਆ ਕਰਨ ਵਿੱਚ ਮਦਦ ਕਰੋਗੇ।

- ਜੰਗਲੀ ਜਾਨਵਰਾਂ ਨੂੰ ਕੁਝ ਨਾ ਖਵਾਓ।
- ਖਾਣ ਵਾਲੀਆਂ ਚੀਜ਼ਾਂ ਅਤੇ ਕਚਰੇ ਨੂੰ ਉਚਿਤ ਜਾਨਵਰ-ਰੋਧੀ ਕਚਰੇ ਅਤੇ ਪੁਨਰ-ਚੱਕਰਨ ਡੱਬਿਆਂ ਵਿੱਚ ਸੁੱਟੋ।
- ਕੁੱਤਿਆਂ ਨੂੰ ਪਟਾ ਪਾ ਕੇ ਰੱਖੋ।
- ਪਗਡੰਡੀਆਂ ਉੱਤੇ ਹੀ ਰਹੋ ਅਤੇ ਪਾਰਕ ਤੋਂ ਕਿਸੇ ਵੀ ਜੰਗਲੀ ਜੀਵਾਂ ਨੂੰ ਚੁੱਕੋ ਨਹੀਂ (ਪਰੇਸ਼ਾਨ ਨਾ ਕਰੋ) ਜਾਂ ਬਾਹਰ ਨਾ ਨਿਕਾਲੋ।

## ਈਸਟਰਨ ਮਾਸਾਸੌਗਾ ਰੈਟਲਸਨੇਕ



ਈਸਟਰਨ ਮਾਸਾਸੌਗਾ ਰੈਟਲਸਨੇਕ **(Eastern Massasauga Rattlesnake)**
© ਪਾਰਕਸ ਕੈਨੇਡਾ

ਬਰੂਸ ਪੇਨਿਨਸੁਲਾ ਕੈਨੇਡਾ ਵਿੱਚ ਈਸਟਰਨ ਮਾਸਾਸੌਗਾ ਰੈਟਲਸਨੇਕ ਲਈ ਇੱਕੋ ਹੀ ਗੜ ਬੱਚਿਆ ਹੈ। ਰੈਟਲਸਨੇਕ (ਨਾਗ) ਬਹੁਤ ਡਰਪੋਕ ਹੁੰਦਾ ਹੈ ਅਤੇ ਉਦੋਂ ਤਕ ਹਮਲਾ ਨਹੀਂ ਕਰਦੇ ਜਦੋਂ ਤਕ ਉਨ੍ਹਾਂ ਨੂੰ ਉਕਸਾਇਆ ਨਹੀਂ ਜਾਂਦਾ। ਪਾਰਕ ਵਿੱਚ ਘੁੰਮਦੇ ਸਮੇਂ ਕੁਝ ਸੌਖੇ ਕਦਮ ਹੇਠ ਲਿਖੇ ਹਨ।

- ਪਗਡੰਡੀਆਂ ਤੇ ਰਹੋ।

- ਜਾਣੋ ਕਿ ਇਸ ਸੱਪ ਦੀ ਪਛਾਣ ਕਿਵੇਂ ਕਰਨੀ ਹੈ।
- ਜੇ ਤੁਸੀਂ ਸੱਪ ਦੀ ਖੜਕ ਜਾਂ "ਭਿਣਕ" ਮਹਿਸੂਸ ਕਰਦੇ ਹੋ, ਤਾਂ ਰੁੱਖ ਜਾਓ, ਸੱਪ ਦੀ ਥਾਂ ਦਾ ਪਤਾ ਲਗਾਓ ਅਤੇ ਹੌਲੀ ਹੌਲੀ ਦੂਰ ਚਲੇ ਜਾਓ।
- ਪੈਦਲ ਸੈਰ ਕਰਨ ਵਾਲੇ ਗਿੱਟਿਆਂ ਤੋਂ ਉੱਪਰ ਵਾਲੇ ਜੁੱਤੇ ਪਾਓ ਜੇ ਪੈਦਲ ਸੈਰ ਕਰ ਰਹੇ ਹੋ।
- ਜੇ ਤੁਹਾਨੂੰ ਲਗਦਾ ਹੈ ਕਿ ਤੁਹਾਨੂੰ ਈਸਟਰਨ ਮਾਸਾਸੌਗਾ ਰੈਟਲਸਨੇਕ ਨੇ ਕੱਟ ਲਿਆ ਹੈ, ਤਾਂ 911 ਡਾਇਲ ਕਰੋ ਅਤੇ ਤੁਰੰਤ ਡਾਕਟਰੀ ਤਵੱਜੋ ਪ੍ਰਾਪਤ ਕਰੋ।

ਮਾਸਾਸੌਗਾ ਰੈਟਲਸਨੇਕ ਦੇ ਕੱਟਣ ਨਾਲ ਬਹੁਤ ਘੱਟ ਜਟਿਲਤਾਵਾਂ ਹੁੰਦੀਆਂ ਹਨ।

## ਪੋਇਜ਼ਨ ਆਈਵੀ



ਪੋਇਜ਼ਨ ਆਈਵੀ
© ਪਾਰਕਸ ਕੈਨੇਡਾ

## ਪੋਇਜ਼ਨ ਆਈਵੀ

ਪੋਇਜ਼ਨ ਆਈਵੀ ਬਰੂਸ ਪੇਨਿਨਸੁਲਾ ਵਿੱਚ ਬਹੁਤ ਆਮ ਹੈ ਅਤੇ ਇਸਦੇ ਕਾਰਨ ਗੰਭੀਰ ਖੁਜਲੀਦਾਰ, ਛਾਲੇਦਾਰ ਚਟਾਕ ਪੈ ਸਕਦੇ ਹਨ। ਪਗਡੰਡੀਆਂ ਤੇ ਰਹੋ ਅਤੇ ਜਾਣੋ ਕਿ ਇਸ ਪੌਦੇ ਦੀ ਪਛਾਣ ਕਿਵੇਂ ਕਰਨੀ ਹੈ। ਪਾਲਤੂਆਂ ਦੀ ਫਰ ਦੇ ਨਾਲ ਵੀ ਇਸਦਾ ਤੇਲ ਤੁਹਾਡੇ ਤਕ ਫੈਲ ਸਕਦਾ ਹੈ। ਕਿਰਪਾ ਕਰਕੇ ਸਾਰਾ ਸਮਾਂ ਆਪਣੇ ਪਾਲਤੂ ਜਾਨਵਰਾਂ ਨੂੰ ਪਟਾ ਪਾ ਕੇ ਰੱਖੋ।

## ਸਨ ਸਮਾਰਟ

ਸਨ ਸਕ੍ਰੀਨ, ਟੋਪ, ਪਾਣੀ (ਮੁੜ ਭਰਣ ਯੋਗ ਪਾਣੀ ਦੀ ਬੋਤਲ), ਅਤੇ ਧੁੱਪ ਵਾਲੀ ਐਨਕ ਨੂੰ ਪੈਕ ਕਰਨਾ ਯਾਦ ਰੱਖੋ, ਅਤੇ ਗਰਮੀ ਦੇ ਮਹੀਨਿਆਂ ਦੌਰਾਨ ਆਪਣੇ ਆਪ ਨੂੰ ਜਲ-ਮਿਸ਼ਰਤ ਰੱਖੋ। ਕਿਉਂਕਿ ਬਹੁਤ ਆਸਾਨੀ ਨਾਲ ਪਾਣੀ ਦੀ ਕਮੀ ਹੋ ਸਕਦੀ ਹੈ ਅਤੇ ਧੁੱਪ ਤੋਂ ਝੁਲਸ ਸਕਦੇ ਹੋ, ਖਾਸ

ਤੌਰ ਤੇ ਤੁਸੀਂ ਕਸਰਤ ਕਰ ਰਹੇ ਹੋ। ਜੇ ਤੁਸੀਂ ਬਿਮਾਰ ਜਾਂ ਚੱਕਰ ਆਉਣਾ ਮਹਿਸੂਸ ਕਰਦੇ ਹੋ, ਤਾਂ ਠੰਡੀ ਅਤੇ ਛਾਂ ਵਾਲੀ ਥਾਂ ਲੱਭੋ ਅਤੇ ਪਾਣੀ ਜਾਂ ਇਲੈਕਟ੍ਰੋਲਾਈਟ ਘੋਲ ਪਿਓ। ਜੇ ਫਿਰ ਵੀ ਇਹੋ ਸਥਿਤੀ ਬਣੀ ਰਹਿੰਦੀ ਹੈ, ਤਾਂ ਡਾਕਟਰੀ ਤਵੱਜੋ ਪ੍ਰਾਪਤ ਕਰੋ।

## ਬੈਕਕੰਟਰੀ ਹਾਈਕਿੰਗ

ਹਾਈਕ ਤੋਂ ਪਹਿਲਾਂ ਦੀ ਯੋਜਨਾ ਦੇ ਉਪਾਅ!

- ਮੌਸਮ ਦੇ ਅਨੁਸਾਰ ਕੱਪੜੇ ਪਹਿਣੋ। ਝਰਨਿਆਂ ਦਾ ਪਾਣੀ ਬਹੁਤ ਜਿਆਦਾ ਠੰਡਾ ਹੋ ਸਕਦਾ ਹੈ, ਖਾਸ ਤੌਰ ਤੇ ਕਿਨਾਰੇ ਤੇ। ਬਰਸਾਤੀ ਅਤੇ ਥੋੜ੍ਹੇ ਵਧ ਗਰਮ ਕੱਪੜੇ ਪੈਕ ਕਰੋ।
- ਯਕੀਨੀ ਬਣਾਓ ਕਿ ਕਿਸੇ ਵਿਅਕਤੀ ਕੋਲ ਰਸਤੇ ਦਾ ਸਾਰਾ ਨਕਸ਼ਾ ਹੋਵੇ ਜਿਸ ਵਿੱਚ ਰਸਤਾ, ਸਥਾਨ, ਅਤੇ ਅਨੁਮਾਨਿਤ ਵਾਪਸੀ ਸਮਾਂ ਸ਼ਾਮਲ ਹੋਵੇ।
- ਆਪਣੇ ਆਪ ਨੂੰ ਇਲਾਕੇ ਦੇ ਨਾਲ ਜਾਣੂ ਕਰੋ ਅਤੇ ਸੰਕਟਕਾਲੀ ਸੰਪਰਕ ਨੰਬਰਾਂ ਬਾਰੇ ਜਾਣੋ।
- ਸੈੱਲ ਫ਼ੋਨ ਕਵਰੇਜ ਪਾਰਕ ਵਿੱਚ ਭਰੋਸੇਯੋਗ ਨਹੀਂ ਹੈ, ਹਾਲਾਂਕਿ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਤੁਸੀਂ ਆਪਣੇ ਨਾਲ ਗੱਲ ਕਰਨ ਵਾਲਾ ਕੋਈ ਸਾਧਨ ਲੈ ਕੇ ਆਓ।
- ਪੈਦਲ ਚਲਣ ਲਈ ਢੁਕਵੇਂ ਜੁੱਤੇ ਪਹਿਣੋ।
- ਪ੍ਰਾਥਮਿਕ ਸਹਾਇਤਾ ਦੀ ਕਿੱਟ ਹਮੇਸ਼ਾ ਪੈਕ ਕਰੋ; ਚਾਹ-ਨਾਸ਼ਤਾ ਅਤੇ ਪਾਣੀ; ਨਕਸ਼ਾ/ਦਿਸ਼ਾ-ਸੂਚਕ ਜੰਤਰ/ਜੀਪੀਐਸ; ਥੋੜ੍ਹੇ ਵਧ ਗਰਮ ਕੱਪੜੇ; ਅਤੇ ਫਲੈਸ਼ਲਾਈਟ।

## ਸਰਦੀਆਂ ਦੀਆਂ ਗਤੀਵਿਧੀਆਂ

ਸਰਦੀ ਦੀ ਸਥਿਤੀ ਖਤਰਨਾਕ ਹੋ ਸਕਦੀ ਹੈ – ਤਿਆਰ ਅਤੇ ਸਾਵਧਾਨ ਰਹੋ। ਸਰਦੀ ਦੇ ਦੌਰਾਨ ਸੰਕਟਕਾਲੀ ਪ੍ਰਤੀਕਿਰਿਆ ਨੂੰ ਰੋਕ ਦਿੱਤਾ ਜਾਂਦਾ ਹੈ।

- ਤਿਆਰੀ ਨਾਲ ਪਹੁੰਚੋ! ਸਰਦੀ ਦੀਆਂ ਸੇਵਾਵਾਂ ਨੂੰ ਟੋਬਰਮੋਰੀ (Tobermory) ਅਤੇ ਪਾਰਕ ਵਿੱਚ ਰੋਕ ਦਿੱਤਾ ਜਾਂਦਾ ਹੈ।
- ਸੈੱਲ ਫ਼ੋਨ ਰੱਖਣਾ ਭਰੋਸੇਯੋਗ ਨਹੀਂ ਹੈ।
- ਯਾਤਰਾ ਦੀ ਯੋਜਨਾ ਬਣਾਓ ਅਤੇ ਇਸਨੂੰ ਕਿਸੇ ਹੋਰ ਨਾਲ ਸਾਂਝਾ ਕਰੋ।
- ਸਰਦੀ ਦੀ ਗਤੀਵਿਧੀ ਵਿੱਚ ਜ਼ਿਆਦਾ ਸਖਤ ਹੁੰਦੀ ਹੈ ਅਤੇ ਦਿਨ ਦਾ ਸਮਾਂ ਘੱਟ ਹੁੰਦਾ ਹੈ। ਆਪਣੇ ਸਮੇਂ ਤੇ ਨਜ਼ਰ ਰੱਖੋ।
- ਥਕਾਵਟ ਹੋ ਜਾਣ ਅਤੇ ਹਾਈਪੋਥਰਮਿਆ ਲਈ ਸਚੇਤ ਰਹੋ।
- ਕਿਨਾਰੇ ਤੇ ਬਰਫ ਜੰਮ ਜਾਂਦੀ ਹੈ, ਖਾਸ ਤੌਰ ਤੇ ਗ੍ਰੋਟੋ/ਇੰਡੀਅਨ ਹੈੱਡ ਕੋਵ ਤੇ। ਬਰਫ ਅਕਸਰ ਇਸਦੇ ਡਿੱਗਣ ਨਾਲ ਢੱਕ ਜਾਂਦੀ ਹੈ। ਕਿਨਾਰੇ ਦੇ ਕੋਲ ਨਾ ਜਾਓ!
- ਮੌਸਮ ਤੇ ਕਰੀਬੀ ਨਾਲ ਨਿਗਰਾਨੀ ਰੱਖੋ ਕਿਉਂਕਿ ਸਰਦੀ ਦੀਆਂ ਸਥਿਤੀਆਂ ਅਤੇ ਬਰਫ ਦੀ ਡੂੰਘਾਈ ਵੱਖ-ਵੱਖ ਹੁੰਦੀਆਂ ਹਨ।

## ਪੀਣ ਵਾਲਾ ਪਾਣੀ

ਇਹ ਮੰਨ ਕੇ ਚੱਲੋ ਕਿ ਨਦੀਆਂ ਅਤੇ ਝੀਲਾਂ ਦਾ ਪਾਣੀ ਪੀਣ ਯੋਗ ਨਹੀਂ ਹੁੰਦਾ ਜਦੋਂ ਤਕ ਇਸਨੂੰ 5 ਮਿੰਟ ਲਈ ਉਬਾਲਿਆ ਜਾਂ ਉਚਿਤ ਤਰੀਕੇ ਨਾਲ ਫਿਲਟਰ ਨਹੀਂ ਕੀਤਾ ਜਾਂਦਾ। ਸ਼ਿਵਿਰ (ਕੈਂਪਾਂ) ਵਾਲੀ ਥਾਂ ਤੇ ਬਣੇ ਸ਼ੌਚ-ਘਰ ਅਤੇ ਫੇਸੈਂਟ ਦਾ ਪਾਣੀ ਠੀਕ ਹੁੰਦਾ ਹੈ। ਅਸੀਂ ਸਲਾਹ ਦਿੰਦੇ ਹਾਂ ਕਿ ਮੁੜ ਭਰਣ-ਯੋਗ ਪਾਣੀ ਦੀਆਂ ਆਪੋ-ਆਪਣੀਆਂ ਬੋਤਲਾਂ ਦਾ ਇਸਤੇਮਾਲ ਕਰੋ। ਜੇ ਤੁਸੀਂ ਵਰਤ ਕੇ ਸੁੱਟਣ ਯੋਗ ਪਲਾਸਟਿਕ ਦੀ ਪਾਣੀ ਦੀ ਬੋਤਲ ਦਾ ਇਸਤੇਮਾਲ ਕਰਨ ਦੀ ਚੋਣ ਕਰਦੇ ਹੋ, ਤਾਂ ਕਿਰਪਾ ਕਰਕੇ ਯਕੀਨੀ ਬਣਾਓ ਕਿ ਇਨ੍ਹਾਂ ਨੂੰ ਤੁਹਾਨੂੰ ਮੁਹੱਈਆ ਕੀਤੇ ਜਾਂ ਪੈਕ ਕੀਤੇ ਗਏ ਡੱਬਿਆਂ ਵਿੱਚ ਠੀਕ ਤਰ੍ਹਾਂ ਪੁਨਰ-ਚਕਰਿਤ ਕੀਤਾ ਜਾਂਦਾ ਹੈ।